# Official Spokesperson's response to a media query seeking reaction to recent developments in Libya

June 24, 2020

.......................................................................................................................................

## ਲੀਬੀਆ ਵਿੱਚ ਹੋਈਆਂ ਹਾਲੀਆ ਘਟਨਾਵਾਂ ਬਾਰੇ ਪ੍ਰਤੀਕ੍ਰਿਆ ਦੀ ਮੰਗ ਕਰਦੇ ਹੋਏ ਮੀਡੀਆ ਦੇ ਪ੍ਰਸ਼ਨ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

24 ਜੂਨ, 2020

ਲੀਬੀਆ ਵਿੱਚ ਹੋਈਆਂ ਹਾਲੀਆ ਘਟਨਾਵਾਂ ਬਾਰੇ ਪ੍ਰਤੀਕ੍ਰਿਆ ਦੀ ਮੰਗ ਕਰਦੇ ਹੋਏ ਮੀਡੀਆ ਦੇ ਪ੍ਰਸ਼ਨ ਦਾ ਜਵਾਬ ਦਿੰਦੇ ਹੋਏ ਅਧਿਕਾਰਤ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ,

"ਲੀਬੀਆ ਵਿੱਚ ਚਲ ਰਹੇ ਟਕਰਾਅ ਅਤੇ ਅਸਥਿਰਤਾ ਕੌਮਾਂਤਰੀ ਚਿੰਤਾ ਦਾ ਕਾਰਨ ਹਨ। ਅਸੀਂ ਲੀਬੀਆ ਅੰਦਰ ਸਾਰੀ ਲੜਾਈ ਤੁਰੰਤ ਬੰਦ ਕਰਨ ਦੀ ਕੋਸ਼ਿਸ਼ਾਂ ਦੀ ਹਿਮਾਇਤ ਕਰਦੇ ਹਾਂ। ਅਸੀਂ ਇਸ ਦਿਸ਼ਾ ਵਿੱਚ 19 ਜਨਵਰੀ, 2020 ਨੂੰ ਹੋਈ ਬਰਲਿਨ ਅੰਤਰਰਾਸ਼ਟਰੀ ਕਾਨਫਰੰਸ ਅਤੇ 6 ਜੂਨ, 2020 ਨੂੰ ਕੀਤੇ ਗਏ ਕਾਹਿਰਾ ਐਲਾਨ ਸਮੇਤ ਹਾਲ ਵਿੱਚ ਹੀ ਕੀਤੇ ਗਏ ਅੰਤਰਰਾਸ਼ਟਰੀ ਯਤਨਾਂ ਨੂੰ ਹੁੰਗਾਰਾ ਦਿੰਦੇ ਹਾਂ ਅਤੇ ਆਸ ਕਰਦੇ ਹਾਂ ਕਿ ਇਨ੍ਹਾਂ ਪਹਿਲਾਂ ਸਦਕਾ ਇਸ ਟਕਰਾਅ ਦਾ ਅੰਤਰ-ਲੀਬੀਆ ਗੱਲਬਾਤ ਰਾਹੀਂ ਸ਼ਾਂਤਮਈ ਹੱਲ ਕੱਢਣ ਵਿੱਚ ਮਦਦ ਮਿਲੇਗੀ, ਜਿਸ ਵਿੱਚ ਲੀਬੀਆ ਦੀ ਪ੍ਰਭੂਸੱਤਾ, ਏਕਤਾ ਅਤੇ ਖੇਤਰੀ ਅਖੰਡਤਾ ਦੀ ਰਾਖੀ ਕਰਨ ਦੇ ਨਾਲ ਨਾਲ ਲੋਕਾਂ ਦੀਆਂ ਜਾਇਜ਼ ਇੱਛਾਵਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇਗਾ।”

ਨਵੀਂ ਦਿੱਲੀ
24 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.